# ਤਿੰਨ ਵਿਸ਼ਵਾਸ ਯੋਗ ਆਦਮੀ ਅੱਗ ਦੀਆਂ ਲਾਟਾਂ ਵਿੱਚ ਤੁਰੇ

**ਪ੍ਰਾਰਥਨਾ:** ''ਪਿਆਰੇ ਪਰਮੇਸ਼ਵਰ, ਬੇਨਤੀ ਕਰਕੇ ਸਾਡੇ ਬੱਚਿਆਂ ਨੂੰ ਸਿਖਾਉਣ ਲਈ ਤਿਆਰੀ ਕਰੋ, ਉਸ ਵਿਸ਼ਵਾਸ ਅਤੇ ਹਿੰਮਤ ਨਾਲ, ਉਹ ਜਿਹੜੇ ਤਿੰਨ ਯਹੂੰਦੀ ਆਦਮੀਆਂ ਨੇ ਦਿਖਾਇਆ, ਜਦੋ ਰਾਜੇ ਨੇ ਉਨ੍ਹਾਂ ਨੂੰ ਅੱਗ ਦੀ ਭੱਠੀ ਵਿੱਚ ਸੁੱਟਵਾ ਦਿੱਤਾ।''

ਬੱਚਿਆਂ ਦੀਆਂ ਸਿੱਖਣ ਵਾਲੀਆਂ ਗਤੀਵਿਧੀਆਂ ਵਿੱਚੋ ਕਿਸੇ ਨੂੰ ਚੁੱਣੋ ਜਿਹੜੀਆਂ ਬੱਚਿਆਂ ਦੀ ਉਮਰ ਨਾਲ ਸਹੀ ਬੈਠਦੀਆਂ ਹਨ।

ਇੱਕ ਵੱਡਾ ਬੱਚਾ ਜਾ ਅਧਿਆਪਕ ਪੜ੍ਹੇ ਜਾਂ ਯਾਦ ਕਰਕੇ ਕਹਾਣੀ ਦੱਸੇ ਦਾਨੀਏਲ 3 ਬਾਪ ਵਿੱਚ। ਇਹ ਤਿੰਨ ਬਹਾਦਰ ਆਦਮੀਆਂ ਬਾਰੇ ਦੱਸਦੀ ਹੈ, ਜਿੰਨ੍ਹਾਂ ਨੇ ਮੌਤ ਦਾ ਸਾਮਹਣਾ ਕੀਤਾ, ਬਜਾਏ ਕਿ ਮੂਰਤੀਆ ਦੀ ਪੂਜਾ ਕਰਦੇ।

ਇੰਨਾ ਪ੍ਰਸ਼ਨਾ ਨੂੰ ਪੁੱਛੋ (ਉੱਤਰ ਦਾਨੀਏਲ 3 ਬਾਪ ਵਿੱਚੋ ਹਰੇਕ ਪ੍ਰਸ਼ਨ ਦੇ ਬਾਦ ਦਿੱਤਾ ਗਿਆ ਹੈ)

- ਰਾਜੇ ਦਾ ਲੋਕਾਂ ਨੂੰ ਉਹਦੀ ਮੂਰਤੀ ਦੇ ਸਾਮਹਣੇ ਕੀ ਕਰਣ ਦਾ ਹੁੱਕਮ? *(ਦੇਖੋ ਆਇਤ 5)*
- ਉਸ ਨੇ ਉਸ ਵੇਲੇ ਕੀ ਕੀਤਾ, ਜਦੋਂ ਉਸ ਨੇ ਸੁਣਿਆ ਕਿ ਤਿੰਨ ਆਦਮੀ ਉਹਦੀ ਮੂਰਤੀ ਦੀ ਪੂਜਾ ਨਹੀ ਕਰ ਰਹੇ? *(ਆਇਤ 13)*
- ਉਨ੍ਹਾਂ ਤਿੰਨਾ ਆਦਮੀਆਂ ਨੇ ਰਾਜੇ ਨੂੰ ਕੀ ਦੱਸਿਆਂ ਕਿ ਉਹਨਾ ਦਾ ਪਰਮੇਸ਼ਵਰ ਕੀ ਕਰਣ ਯੋਗ ਹੈ? *(ਆਇਤ 17)*
- ਕੀ ਉਹ ਮਰਨ ਲਈ ਵੀ ਤਿਆਰ ਹਨ, ਜੇ ਪਰਮੇਸ਼ਵਰ ਉਨ੍ਹਾਂ ਨੂੰ ਨਹੀ ਛਡਾਉਂਦਾ? *(ਆਇਤ 18)*
- ਉਨ੍ਹਾਂ ਸਿਪਾਹੀਆ ਨੂੰ ਕੀ ਹੋਇਆ, ਜਿੰਨ੍ਹਾਂ ਨੇ ਉਨ੍ਹਾਂ ਨੂੰ ਅੱਗ ਅੰਦਰ ਸੁੱਟਿਆ ਸੀ? *(ਆਇਤ 22)*
- ਰਾਜੇ ਨੇ ਕਿੰਨੇ ਆਦਮੀ ਅੱਗ ਵਿੱਚ ਦੇਖੇ? *(ਆਇਤ 25)*

ਤਿੰਨ ਬਹਾਦਰ ਅਤੇ ਵਿਸ਼ਵਾਸ ਯੋਗ ਆਦਮੀਆ ਦੀ ਕਹਾਣੀ ਦਾ ਨਾਟਕ ਤਿਆਰ ਕਰੋ। ਦਾਨੀਏਲ 3 ਬਾਪ ਵਿੱਚੋ।

ਮੁੱਖ ਕਲੀਸਿਆ ਅਰਾਧਨਾ ਦੇ ਅਗੂਵੇ ਨਾਲ ਮਿਲਕੇ ਬੱਚਿਆਂ ਦਾ ਇਹ ਛੋਟਾ ਨਾਟਕ, ਪੇਸ਼ ਕਰਨ ਦਾ ਇੰਤਜਾਮ ਕਰੋ। ਆਪਣੇ ਸ਼ਮੇ ਨੂੰ ਬੱਚਿਆਂ ਨੂੰ ਨਾਟਕ ਤਿਆਰ ਕਰਾਉਣ ਵਿੱਚ ਲਗਾਉ। ਤੁਹਾਨੂੰ ਸਾਰੇ ਹਿੱਸੇ ਕਰਣ ਦੀ ਲੋੜ ਨਹੀ ਹੈ। ਵੱਡੇ ਬੱਚੇ ਛੋਟਿਆ ਦੀ ਉਨਾ ਦੇ ਹਿੱਸੇ ਕਰਨ ਵਿੱਚ ਮੱਦਦ ਕਰਣ।

- ਵੱਡੇ ਬੱਚੇ ਜਾ ਬਾਲਿਗਾਂ ਇੰਨ੍ਹਾਂ ਹਿੱਸਿਆ ਨੂੰ ਕਰਨ।

**ਵਾਚਕ** : ਕਹਾਣੀ ਨੂੰ ਛੋਟਾ ਕਰਕੇ ਬੱਚਿਆਂ ਨੂੰ ਯਾਦ ਕਰਾਉਣ ਵਿੱਚ ਮੱਦਦ ਕਰੋ ਕਿ ਉਨ੍ਹਾਂ ਨੇ ਕੀ ਬੋਲਣਾ ਹੈ, ਅਤੇ ਕੀ ਕਹਿਣਾ ਹੈ?

ਰਾਜਾ ਨਬੂਕਦਨਸ਼ਰ ਕੁਝ ਅਜਿਹੀ ਚੀਜ ਫੜ ਕੇ ਰੱਖੇ, ਜਿਹੜਾ ਮੂਰਤੀ ਵਰਗੀ ਦਿਸੇ।

**ਮੁੱਖ ਅਧਿਕਾਰੀ**

- ਛੋਟੇ ਬੱਚੇ ਇੰਨ੍ਹਾਂ ਹਿੱਸਿਆਂ ਨੂੰ ਕਰਨ :

**ਸ਼ਦਰਕ, ਮੇਸ਼ਕ,** ਅਬੇਦ **ਨਗੋ**



ਰਾਜੇ ਦੇ ਅਧਿਕਾਰੀ, ਕਾਗਜ ਨੂੰ ਗੋਲ ਗੋਲ ਕਰਨ ਜਿਹੜੇ ਸਿੰਗ ਵਰਗੇ ਦਿੱਖਣ।

**ਸਿਪਾਹੀ:** ਉਨ੍ਹਾਂ ਕੋਲ ਭਾਲੇ ਵਰਗੀ ਲਕੜੀ ਹੋਵੇ ਅਤੇ ਬੰਨਣ ਲਈ ਰੱਸੀ।

**ਵਾਚਕ** :- ਦਾਨੀਏਲ 3:1-13 ਵਿੱਚ ਕਹਾਣੀ ਦੇ ਪਹਿਲੇ ਹਿੱਸੇ ਨੂੰ ਦੱਸੋ। ਫਿਰ ਆਖੇ, ''ਸੁਣੋ ਰਾਜਾ ਨਬੂਕਦਨਸ਼ਰ ਕੀ ਕਹਿੰਦਾ ਹੈ।''

**ਨਬੂਕਦਨਸ਼ਰ:** ਉਥੇ ਮੂਰਤੀ ਰੱਖੇ ਜਿਥੇ ਹਰ ਕੋਈ ਅਸ਼ਾਨੀ ਨਾਲ ਵੇਖ ਸਕੇ।

**ਫਿਰ ਆਖੇ:** ਮੈ ਤੁਹਾਨੂੰ ਸਾਰਿਆ ਨੂੰ ਇਸ ਮੂਰਤੀ ਦੀ ਪੂਜਾ ਕਰਨ ਦਾ ਹੁੱਕਮ ਦਿੰਦਾ ਹਾ ਜਿਹੜੀ ਮੈਨੂੰ ਪੇਸ਼ ਕਰਨੀ ਹੈ। ਜੇ ਤੁਸੀ ਇਹਦੇ ਅੱਗੇ ਸਿਰ ਨੀਵਾਂ ਨਾ ਕੀਤਾ, ਜਦੋ ਤੁਸੀ ਸੰਗੀਤ ਸੁੱਣੋ ਤਾਂ ਮੈ ਤੁਹਾਨੂੰ ਅੱਗ ਦੀ ਭੱਠੀ ਵਿੱਚ ਸੁਟਵਾ ਦਿਆਂਗਾ।''

**ਅਧਿਕਾਰੀ ਅਤੇ ਮੁੱਖ ਅਧਿਕਾਰੀ:**-ਸਿੰਗਾ ਨੂੰ ਅਵਾਜ ਨਾਲ ਹੇਠਾਂ ਕਰਨ। ਫਿਰ ਮੂਰਤੀ ਅੱਗੇ ਨਿਓ ਜਾਣ।

ਸ਼ਦਰਕ, ਮੇਸ਼ਕ, ਅਬੇਦਨਗੋ, ਮੂਰਤੀ ਅੱਗੇ ਤੁਰਨ ਪਰ ਖੜੇ ਰਹਿਣ।

**ਸਿਪਾਹੀ:** ਸਿਪਾਹੀ ਤੱਦ ਤੱਕ ਸਿਰ ਹੇਠਾ ਕਰੀ ਰੱਖਣ, ਜੱਦੋ ਤੱਕ ਸਿੰਗਾ ਹੇਠਾ ਨਹੀ ਹੋ ਜਾਦੇ।

**ਅਧਿਕਾਰੀ:** ਸਿੰਗਾ ਨੂੰ ਹੇਠਾ ਕਰਣਾ ਬੰਦ ਕਰੋ। ਤੇ ਰਾਜਾ ਕੋਲ ਜਾਉ।

**ਮੁੱਖ ਅਧਿਕਾਰੀ:** ''ਮਹਾਨ ਰਾਜਾ, ਤੇਰੇ ਤਿੰਨ ਕਰਮਚਾਰੀਆਂ ਨੇ ਮੂਰਤੀ ਅੱਗੇ ਸਿਰ ਨਿਵਾਉਣ ਤੋਂ ਇਨਕਾਰ ਕਰ ਦਿੱਤਾ ਹੈ।''

**ਰਾਜਾ:** (ਗੁੱਸੇ ਨਾਲ) ''ਸਿਪਾਹੀਓ! ਜਾਓ ਉਨ੍ਹਾਂ ਦੇਸ਼ ਝੋਹੀਆਂ ਨੂੰ ਇੱਕ ਵਾਰ ਮੇਰੇ ਕੋਲ ਲੈ ਕੇ ਆਉ।''

**ਵਾਚਕ:**- ਦਾਨੀਏਲ 3:14-23 ਵਿੱਚ ਕਹਾਣੀ ਦੇ ਦੂਜੇ ਹਿੱਸੇ ਨੂੰ ਦੱਸੋ। ਫਿਰ ਆਖੇ, ''ਸੁਣੋ ਰਾਜਾ ਨਬੂਕਦਨਸ਼ਰ ਤਿੰਨ੍ਹਾਂ ਆਦਮੀਆ ਨੂੰ ਕੀ ਆਖਦਾ ਹੈ।''

**ਰਾਜਾ:** ''ਕਿਉ ਤੁਸੀ ਮੇਰੀ ਮੂਰਤੀ ਦੀ ਅਰਾਧਨਾ ਨਹੀ ਕੀਤੀ?''

**ਸ਼ਦਰਕ:**- ਉੱਪਰ ਵੱਲ ਵੇਖੇ ਅਤੇ ਆਖੇ, ''ਅਸੀਂ ਸਿਰਫ ਇੱਕੋ ਸੱਚੇ ਪਰਮੇਸ਼ਵਰ ਦੀ ਅਰਾਧਨਾ ਕਰਦੇ ਹਾਂ।''

**ਮੇਸ਼ਕ:**- ''ਅੱਤ ਮਹਾਨ ਸਾਨੂੰ ਇਸ ਵਿੱਚੋਂ ਬਚਾ ਸਕਦਾ ਹੈ, ਜੇ ਉਹ ਦੀ ਮਰਜੀ ਹੋਵੇ।''

**ਅਬੇਦਨਗੋ:**- ਇੱਥੇ ਤੱਕ ਕਿ ਜੇ ਪਰਮੇਸ਼ਵਰ ਵੀ ਤੁਹਾਨੂੰ ਸਾਨੂੰ ਇਸ ਅੱਗ ਵਿੱਚ ਸੁੱਣਨ ਦੇਵੇ, ਤੱਦ ਵੀ, ਅਸੀਂ ਤੇਰੀ ਮੂਰਤੀ ਦੀ ਅਰਾਧਨਾ ਨਹੀ ਕਰਾਗੇ।''

**ਰਾਜਾ:** (ਚੀਕੇ) ''ਸਿਪਾਹੀਓ! ਅੱਗ ਨੂੰ ਸੱਤ ਗੁਣਾ ਤੇਜ਼ ਦਿਓ। ਇੰਨ੍ਹਾਂ ਨੂੰ ਅੱਗ ਵਿੱਚ ਸੁੱਟ ਦਿਉ।

**ਸਿਪਾਹੀ:** ਤਿੰਨ੍ਹਾਂ ਆਦਮੀਆਂ ਨੂੰ ਬੰਨ ਕੇ ਨੁੱਕਰ ਵਿੱਚ ਧੱਕਾ ਮਾਰ ਦਿਉ ਜਿਹੜੀ ਕਿ ਅੱਗ ਦੀ ਭੱਠੀ ਦਾ ਦਿਖਾਵਾ ਕਰਦੀ ਹੈ।ਫਿਰ ਪੀੜਾਂ ਨਾਲ ਚੀਕਣ! ਆਪਣੇ ਭਾਲਿਆ ਨੂੰ ਹੇਠਾ ਸੁੱਟ ਦੇਣ ਅਤੇ ਅੱਗ ਦੀ ਗਰਮੀ ਨਾਲੋ ਮਰ ਕੇ ਹੇਠਾਂ ਡਿੱਗ ਜਾਣ।

**ਵਾਚਕ:**- ਆਇਤਾ 24-30 ਵਿੱਚੋ ਕਹਾਣੀ ਦੇ ਤੀਜੇ ਹਿੱਸੇ ਨੂੰ ਦੱਸੋ। ਫਿਰ ਆਖੇ, ''ਸੁਣੋ ਰਾਜਾ ਨਬੂਕਦਨਸ਼ਰ ਕੀ ਆਖਦਾ ਹੈ।''

**ਰਾਜਾ:**- ਅੱਗ ਦੀ ਭੱਠੀ ਵਿੱਚ ਵੇਖੋ :- ਅਸੀਂ ਤਾਂ ਤਿੰਨ ਆਦਮੀਆਂ ਨੂੰ ਅੱਗ ਦੀ ਭੱਠੀ ਵਿੱਚ ਸੁੱਟਿਆ ਸੀ, ਪਰ ਮੈਂ ਚਾਰ ਵੇ ਖ ਰਿਹਾ ਹਾ। ਚੌਥਾ ਆਦਮੀ ਪਰਮੇਸ਼ਵਰ ਦੇ ਪੁੱਤਰ ਵਾਂਗ ਦਿਖਾਈ ਦੇ ਰਿਹਾ ਹੈ। ਸ਼ਦਰਕ, ਮੇਸ਼ਕ ਅਤੇ ਅਬੇਦਨਗੋ, ਬਾਹਰ ਆ ਜਾਉ।

**ਮੁੱਖ ਅਧਿਕਾਰੀ:**- ''ਦੇਖੋ, ਉਨ੍ਹਾਂ ਦੀਆਂ ਰੱਸੀਆਂ ਸੜ ਗਈਆਂ, ਪਰ ਉਨ੍ਹਾਂ ਕੋਲ ਸੜਨ ਦੇ ਧੂੰਏ ਦੀ ਕੋਈ ਬਦਬੂ ਵੀ ਨਹੀ ਹੈ।''

**ਰਾਜਾ:**- ''ਸਦਰਕ, ਮੇਸ਼ਕ, ਅਤੇ ਅਬੈਦਨਗੋ, ਮੈ ਹੁਣ ਵੇਖ ਲਿਆ ਹੈ ਕਿ ਤੁਹਾਡਾ ਪਰਮੇਸ਼ਵਰ ਜਿਆਦਾ ਸ਼ਕਤੀਸ਼ਾਲੀ ਹੈ ਫਿਰ ਕੋਈ ਮੂਰਤ।''

**ਵਾਚਕ:**- ਉਨ੍ਹਾਂ ਸਭਨਾ ਦਾ ਧੰਨਵਾਦ ਕਰੇ, ਜਿੰਨਾ ਨੇ ਮੱਦਦ ਕੀਤੀ।

**ਪ੍ਰਸ਼ਨ:**- ਜੇ ਇਹ ਨਾਟਕ ਬੱਚੇ, ਬਾਲਗਾਂ ਲਈ ਕਰਨ ਤਾ ਉਹ ਬਾਲਿਗਾਂ ਕੋਲੋ ਸੂਚੀ ਉੱਤੇ ਦਿੱਤੇ ਗਏ ਪ੍ਰਸ਼ਨਾ ਨੂੰ ਪੁੱਛਣ।

ਚਾਰ ਆਦਮੀ ਅੱਗ ਦੀਆਂ ਲਪਟਾ ਵਿੱਚ ਖੜੇ ਹੋਇਆਂ ਦੀ ਇੱਕ ਤਸਵੀਰ ਬਣਾਉ। ਬੱਚੇ ਇਹਦੀ ਨਕਲ ਕਰਨ। ਉਹ ਆਪਣੀਆਂ ਤਸਵੀਰਾਂ ਨੂੰ ਅਗਲੀ ਅਰਾਧਨਾ ਦੇ ਵੇਲੇ, ਬਾਲਿਗਾਂ ਨੂੰ ਦਿਖਾਉਣ ਅਤੇ ਸਮਝਾਉਣ ਕਿ ਇਹ ਦੱਸਦੀਆ ਹਨ, ਕਿਵੇ ਪਰਮੇਸ਼ਵਰ ਸਾਡੀ ਸਤਾਵ ਦਾ ਸਾਮਹਣਾ ਕਰਣ ਲਈ ਮੱਦਦ ਕਰਦਾ ਹੈ।

ਬੱਚਿਆਂ ਨੂੰ ਆਖੋ ਕਿ ਉਹ ਹੋਰ ਦੂਜੀਆ ਉਦਾਹਰਣ ਦੇ ਸ਼ਮੇ ਬਾਰੇ ਦੱਸੋ ਕਿ ਉਸ ਵਿੱਚ ਪਰਮੇਸ਼ਵਰ ਨੇ ਉਨ੍ਹਾਂ ਲੋਕਾਂ ਦੀ ਮੱਦਦ ਕੀਤੀ, ਜਿਹੜੇ ਸਤਾਵ ਦਾ ਦੁੱਖ ਭੋਗ ਰਹੇ ਸਨ। ਉਨ੍ਹਾਂ ਸ਼ਮਿਆ ਬਾਰੇ ਵੀ ਦੱਸੋ, ਜਦੋ ਪਰਮੇਸ਼ਵਰ ਨੇ ਉਨ੍ਹਾਂ ਨੂੰ ਛੁਡਾਇਆ।

**ਯਾਦ ਕਰੋ:** ਛੋਟੇ ਬੱਚਿਆਂ ਨੂੰ ਸਿੱਖਣ ਲਈ ਦਿਉ, ਯਾਕੂਬ 1:2 ਅਤੇ ਵੱਡਿਆ ਨੂੰ ਸਿੱਖਣ ਲਈ ਦਿਉ, ਯਾਕੂਬ 1:2-4

**ਕਵਿਤਾ:**- ਚਾਰ ਬੱਚੇ, ਹਰੇਕ ਬੱਚਾ ਇੱਕ ਇੱਕ ਆਇਤ ਨੂੰ ਦੁਹਰਾਏ, ਜਬੂਰਾ ਦੀ ਪੋਥੀ 138:4-7 ਵਿੱਚ।

ਵੱਡੇ ਬੱਚੇ ਕਵਿਤਾਵਾਂ, ਗੀਤ ਇਸ ਹਫਤੇ ਦੇ ਵਿਸ਼ੇ ਦੇ ਬਾਰੇ ਵਿੱਚ ਲਿੱਖਣ।

**ਪ੍ਰਾਰਥਨਾ:**- ''ਪਿਆਰੇ ਪਰਮੇਸ਼ਵਰ, ਅਸੀ ਹਮੇਸ਼ਾ ਦਲੇਰੀ ਮਹਿਸੂਸ ਨਹੀ ਕਰਦੇ, ਉਨ੍ਹਾਂ ਤਿੰਨ੍ਹਾ ਇੰਸਰੇਲੀਆਂ ਵਾਗੂ। ਸਾਡੀ ਮੱਦਦ ਕਰੋ ਕਿ ਅਸੀ ਤੁਹਾਡੇ ਤੇ ਭਰੋਸਾ ਕਰੀਏ, ਜਦੋ ਅਸੀਂ ਸਤਾਵ ਦਾ ਸਾਮਹਣਾ ਕਰਦੇ ਹਾਂ। ਤੂੰ ਸਾਨੂੰ ਛੁਡਾ ਲਵੇਗਾ। ਪਰ ਜੇ ਅਸੀ ਤੁਹਾਡੇ ਲਈ ਦੁੱਖ ਭੋਗਦੇ ਹਾਂ ਤਾਂ ਅਸੀ ਹਮੇਸ਼ਾ ਤੁਹਾਡੇ ਵਫਾਦਾਰ ਰਹਿਣਾ ਚਾਹੁੰਦੇ ਹਾਂ ਕਿਉਕਿ ਤੂੰ ਸਦਾ ਸਾਡੇ ਨਾਲ ਹੁੰਦਾ ਹੈ।''

Copyright 2004 © by Paul-Timothy. May be freely copied. Download from www.Paul-Timothy.net